# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ. 4297 /ਸੀ.ਓ.ਈ.

ਮਿਤੀ 09/05/2023

## ਜ਼ਰੂਰੀ ਸੂਚਨਾ

ਪੱਤਰ ਨੰ. 833-34/ਏ.ਆਰ.ਈ. ਮਿਤੀ 18.01.2023 ਰਾਹੀਂ ਜੋ ਵਿਦਿਆਰਥੀ ਆਪਣੀ ਡਿਗਰੀ ਰੀ-ਅਪੀਅਰ/ਫੇਲ੍ਹ ਹੋਣ ਕਾਰਨ ਪੂਰੀ ਨਹੀਂ ਕਰ ਸਕੇ, ਉਨਾਂ ਨੂੰ ਕਲਾਸ/ਕੋਰਸ ਦੇ ਇੱਕ ਭਾਗ ਵਿੱਚ ਵੱਧ ਤੋਂ ਵੱਧ ਦੋ ਪੇਪਰਾਂ ਲਈ ਰੀ-ਅਪੀਅਰ/ਇੰਪਰੂਵਮੈਂਟ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਦੇ ਮੌਕਿਆਂ/ਸਮਾਂ ਸੀਮਾ ਵਿੱਚ ਪਾਸ/ਇੰਮਪਰੂਮੈਂਟ ਨਹੀਂ ਕਰ ਸਕੇ ਸਨ, ਉਨ੍ਹਾਂ ਵਿਦਿਆਰਥੀਆਂ ਨੂੰ ਇੱਕ ਵਿਸ਼ੇਸ਼ ਮੌਕਾ (50000/-) ਰੁਪਏ ਪ੍ਰੀਖਿਆ ਫੀਸ ਨਾਲ ਭਰਨ ਦੀ ਆਖਰੀ ਮਿਤੀ 25.02.2023 ਨਿਰਧਾਰਿਤ ਕੀਤੀ ਗਈ ਸੀ।

ਇਸ ਵਿਸ਼ੇਸ਼ ਮੌਕੇ ਵਿੱਚ ਵਿਦਿਆਰਥੀ ਇੱਕ ਸਮੈਸਟਰ ਦੇ ਕੋਈ ਦੋ ਪੇਪਰ ਜਾਂ ਦੋ ਸਮੈਸਟਰਾਂ ਦੇ ਦੋ ਪੇਪਰਾਂ ਲਈ ਅਪਲਾਈ ਕਰ ਸਕਦਾ ਸੀ। ਵਿਦਿਆਰਥੀਆਂ ਦੀ ਮੰਗ ਉੱਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਅਨੁਸਾਰ ਪੱਤਰ ਨੰ. 1197/ਏ.ਆਰ.ਈ. ਮਿਤੀ 17.04.2023 ਰਾਹੀਂ ਵਿਦਿਆਰਥੀਆਂ ਨੂੰ ਦੋ ਤੋਂ ਵੱਧ ਪੇਪਰਾਂ ਲਈ ਅਤੇ ਇੰਮਪਰੂਮੈਂਟ ਲਈ ਸੱਠ ਹਜ਼ਾਰ (60000/-) ਰੁਪਏ ਫੀਸ ਨਾਲ ਇੱਕ ਵਿਸ਼ੇਸ਼ ਮੌਕਾ ਪ੍ਰਦਾਨ ਕੀਤਾ ਗਿਆ ਸੀ, ਜਿਸ ਦੀ ਆਖਰੀ ਮਿਤੀ 26.04.2023 ਨਿਰਧਾਰਿਤ ਕੀਤੀ ਗਈ ਸੀ। ਹੁਣ ਉਕਤ ਦੋਨੋਂ ਮਿਤੀਆਂ ਵਿੱਚ ਵਾਧਾ ਕਰਦੇ ਹੋਏ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫ਼ੀਸ ਭਰਨ ਦੀ ਆਖਰੀ ਮਿਤੀ 16.05.2023 ਨਿਰਧਾਰਿਤ ਕੀਤੀ ਜਾਂਦੀ ਹੈ। (ਤਿੰਨ ਤੋਂ ਵੱਧ ਪੇਪਰਾਂ ਸਬੰਧੀ ਆਖਰੀ ਫੈਸਲਾ ਲੈਣ ਦਾ ਅਧਿਕਾਰ ਕੰਟਰੋਲਰ (ਪ੍ਰੀਖਿਆਵਾਂ) ਕੋਲ ਹੋਵੇਗਾ) ਇਸ ਮਿਤੀ ਤੋਂ ਬਾਅਦ ਹੋਰ ਵਾਧਾ ਨਹੀਂ ਕੀਤਾ ਜਾਵੇਗਾ।

9/5/23

ਕੰਟਰੋਲਰ (ਪ੍ਰੀਖਿਆਵਾਂ)

ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ